# ਪਰਿਵਾਰਾਂ ਨੂੰ ਕੋਵਿਡ-19 ਟੀਕੇ ਬਾਰੇ ਕੀ ਜਾਣਨ ਦੀ ਜ਼ਰੂਰਤ ਹੈ



## ਕੀ ਟੀਕਾ ਸੁਰੱਖਿਅਤ ਹੈ?

- ਕੋਵਿਡ-19 ਟੀਕੇ ਸੁਰੱਖਿਅਤ ਹਨ ਅਤੇ ਇਹ ਕਾਰਗਰ ਹਨ।
- ਇਸ ਟੀਕੇ ਤੋਂ ਤੁਹਾਨੂੰ ਕੋਵਿਡ-19 ਨਹੀਂ ਹੋ ਸਕਦਾ। ਟੀਕਾਕਰਨ ਤੋਂ ਬਾਅਦ ਤੁਹਾਨੂੰ ਗੌਣ ਪ੍ਰਭਾਵ ਹੋ ਸਕਦੇ ਹਨ, ਪਰ ਇਹ ਆਮ ਗੱਲ ਹੈ।
- ਸੰਯੁਕਤ ਰਾਜ ਅਮਰੀਕਾ ਦੇ ਲੱਖਾਂ ਲੋਕਾਂ ਨੇ ਕੋਵਿਡ-19 ਟੀਕੇ ਲਗਵਾਏ ਹਨ, ਅਤੇ ਇਹ ਟੀਕੇ ਸੰਯੁਕਤ ਰਾਜ ਅਮਰੀਕਾ ਦੇ ਇਤਿਹਾਸ ਵਿੱਚ ਸਭ ਤੋਂ ਸਖ਼ਤ ਸੁਰੱਖਿਆ ਨਿਗਰਾਨੀ ਹੇਠੋਂ ਲੰਘੇ ਹਨ।
- ਕੋਵਿਡ-19 ਟੀਕਾ **12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ, ਦੋਵੇਂ ਹੈ।** ਇਸ ਟੀਕੇ ਵਿਚ ਸੁਰੱਖਿਆ ਨੂੰ ਪਹਿਲ ਦਿੱਤੀ ਗਈ ਹੈ, ਅਤੇ ਐੱਫ ਡੀ ਏ (FDA) ਦੀ ਮਨਜ਼ੂਰੀ ਸੁਰੱਖਿਅਤ ਕਲੀਨਿਕਲ ਟੈਸਟ ਨਤੀਜਿਆਂ ਤੇ ਅਧਾਰਤ ਹੈ।
- ਮਾਪਿਆਂ ਨੂੰ ਆਪਣੇ ਬੱਚਿਆਂ ਦੇ ਕੋਵਿਡ-19 ਟੀਕਾ ਲਗਵਾਉਣ ਸੰਬੰਧੀ ਸੁਰੱਖਿਆ ਅਤੇ ਮਹੱਤਵ ਬਾਰੇ ਭਰੋਸੇਯੋਗ ਜਾਣਕਾਰੀ ਦੀ ਸਮੀਖਿਆ ਕਰਨੀ ਚਾਹੀਦੀ ਹੈ। ਇਸ ਖੋਜ ਨੂੰ ਕਰਨਾ ਤੁਹਾਨੂੰ ਟੀਕੇ ਬਾਰੇ ਆਮ ਗਲਤ ਧਾਰਨਾਵਾਂ ਨੂੰ ਸਮਝਣ ਵਿਚ ਮਦਦ ਕਰ ਸਕਦਾ ਹੈ।

## ਮੈਂ ਸੈਕਰਾਮੈਂਟੋ ਵਿੱਚ ਟੀਕਾ ਕਿੱਥੋਂ ਲਗਵਾ ਸਕਦਾ/ਦੀ ਹਾਂ?

- ਸੈਕਰਾਮੈਂਟੋ ਵਿਚ, ਤੁਸੀਂ ਕਈ ਵੱਖ-ਵੱਖ ਥਾਵਾਂ 'ਤੇ ਜਾ ਸਕਦੇ ਹੋ ਜਿਵੇਂ ਕਿ ਸਿਹਤ ਕਲੀਨਿਕ ਅਤੇ ਹਸਪਤਾਲ, ਸੇਫਵੇਅ ਫਾਰਮੇਸੀਜ਼, ਸੀਵੀਐਸ, ਰਾਈਟ ਏਡ, ਵਾਲਗ੍ਰੀਨਜ਼, ਵਾਲਮਾਰਟ, ਕੈਲ ਐਕਸਪੋ, ਕੈਲ ਨੌਰਥਸਟੇਟ, ਸੈਕਰਾਮੈਂਟੋ ਸਟੇਟ, ਕੈਲ ਐਕਸਪੋ, ਮੈਕਲੈਲੇਨ ਪਾਰਕ ਅਤੇ ਹੋਰ ਛੋਟੀਆਂ ਭਾਈਚਾਰਕ ਸਾਈਟਾਂ।

## ਕੌਣ ਟੀਕਾ ਲਗਵਾ ਸਕਦਾ ਹੈ?

- ਇਸ ਹਫਤੇ ਤੋਂ, **12 ਸਾਲ ਜਾਂ ਇਸ ਤੋਂ ਵੱਧ ਉਮਰ ਵਾਲਾ ਹਰ ਕੋਈ** ਕੋਵਿਡ-19 ਦਾ ਟੀਕਾ ਲਗਵਾ ਸਕਦਾ ਹੈ। ਇਸ ਸਾਲ ਦੇ ਅੰਤ ਤੱਕ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਟੀਕਿਆਂ ਦੀ ਮਨਜ਼ੂਰੀ ਮਿਲਣ ਦੀ ਉਮੀਦ ਹੈ।
- 18 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਲਈ ਮਾਪਿਆਂ ਦੀ ਸਹਿਮਤੀ ਦੀ ਲੋੜ ਹੈ।
- **18 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਫਾਈਜ਼ਰ ਦਾ ਟੀਕਾ ਲਗਾਉਣ ਦੀ ਜ਼ਰੂਰਤ ਹੋਵੇਗੀ।** 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਲਈ ਦੂਸਰੇ ਦੋ ਬ੍ਰੈਂਡਜ਼ (ਮੌਡਰਨਾ ਅਤੇ ਜੌਹਨਸਨ ਅਤੇ ਜੌਹਨਸਨ) ਨੂੰ ਮਨਜ਼ੂਰੀ ਨਹੀਂ ਮਿਲੀ ਹੈ।

## ਕੀ ਟੀਕਾ ਲਗਵਾਉਣ ਲਈ ਮੈਨੂੰ ਅਪੌਇੰਟਮੈਂਟ ਦੀ ਲੋੜ ਹੈ?

- ਕੁਝ ਥਾਵਾਂ 'ਤੇ ਤੁਹਾਨੂੰ ਪਹਿਲਾਂ ਤੋਂ ਅਪੁਆਇੰਟਮੈਂਟ ਲੈਣ ਲਈ ਕਹਿੰਦੇ ਹਨ ਪਰ ਬਹੁਤ ਸਾਰੀਆਂ ਥਾਵਾਂ 'ਤੇ ਹੁਣ ਅਪੁਆਇੰਟਮੈਂਟ ਤੋਂ ਬਿਨਾਂ ਵਾਕ-ਇਨ ਦੀ ਇਜਾਜ਼ਤ ਹੈ।
- ਤੁਸੀਂ ਔਨਲਾਈਨ ਅਪੁਆਇੰਟਮੈਂਟ http://bit.ly/SacCountyVaccine ਜਾਂ https://myturn.ca.gov/ 'ਤੇ ਲੈ ਸਕਦੇ ਹੋ।
- ਬਹੁਤ ਸਾਰੀਆਂ ਸਾਈਟਾਂ ਫੋਨ ਅਪੁਆਇੰਟਮੈਂਟ ਸਵੀਕਾਰ ਕਰ ਰਹੀਆਂ ਹਨ।
- ਜੇ ਤੁਹਾਨੂੰ ਅਪੁਆਇੰਟਮੈਂਟ ਲੈਣ ਲਈ ਮਦਦ ਦੀ ਜ਼ਰੂਰਤ ਹੈ ਤਾਂ ਤੁਸੀਂ 211 ਜਾਂ (916) 529-4519 'ਤੇ ਕੱਲ ਕਰ ਸਕਦੇ ਹੋ।

## ਟੀਕੇ ਦੀ ਅਪੁਆਇੰਟਮੈਂਟ ਵੇਲੇ ਮੈਨੂੰ ਆਪਣੇ ਨਾਲ ਕੀ ਲਿਆਉਣਾ ਚਾਹੀਦਾ ਹੈ?

- ਕੋਈ ਵੀ ਪਛਾਣ ਪੱਤਰ ਜਿਸ 'ਤੇ ਨਾਮ ਅਤੇ ਜਨਮ ਤਾਰੀਖ਼ ਹੋਵੇ, ਅਗਰ ਇਹ ਉਪਲਬਧ ਹੈ।
- ਸੰਯੁਕਤ ਰਾਜ ਅਮਰੀਕਾ ਦੀ ਨਾਗਰਿਕਤਾ ਜਾਂ ਕਾਨੂੰਨੀ ਰੈਜ਼ੀਡੈਂਸੀ ਦੀ ਲੋੜ ਨਹੀਂ ਹੈ।
- ਬੀਮੇ ਦੀ ਲੋੜ ਨਹੀਂ ਹੈ। ਸਾਰੇ ਟੀਕੇ **ਮੁਫ਼ਤ** ਹਨ।

## ਬੱਚਿਆਂ ਨੂੰ ਕੋਵਿਡ-19 ਟੀਕੇ ਲਗਾਉਣ ਦੇ ਕੀ ਫਾਇਦੇ ਹਨ?

ਕੋਵਿਡ-19 ਦਾ ਟੀਕਾ ਲੋਕਾਂ ਨੂੰ ਕੋਵਿਡ-19 ਤੋਂ ਬਚਾਉਣ ਲਈ ਬਹੁਤ ਪ੍ਰਭਾਵਸ਼ਾਲੀ ਹੈ। ਬੱਚਿਆਂ ਨੂੰ ਟੀਕਾਕਰਨ ਦੇ ਫਾਇਦਿਆਂ ਵਿੱਚ ਇਹ ਸਭ ਸ਼ਾਮਿਲ ਹੈ:

- **ਬੱਚਿਆਂ ਨੂੰ ਬਿਮਾਰੀ ਤੋਂ ਬਚਾਉਣਾ:** ਹਾਲਾਂਕਿ ਬੱਚਿਆਂ ਨੂੰ ਕੋਵਿਡ-19 ਬਿਮਾਰੀ ਲੱਗਣ ਦੀ ਸੰਭਾਵਨਾ ਘੱਟ ਹੈ, ਫਿਰ ਵੀ ਉਹ ਬਿਮਾਰ ਹੋ ਸਕਦੇ ਹਨ। ਬੱਚਿਆਂ ਵਿੱਚ ਕੋਵਿਡ-19 ਦੇ ਲੰਮੇ ਸਮੇਂ ਦੇ ਪ੍ਰਭਾਵਾਂ ਬਾਰੇ ਅਜੇ ਤੱਕ ਪਤਾ ਨਹੀਂ ਹੈ। ਕੁਝ ਲੋਕਾਂ ਵਿੱਚ, ਕੋਵਿਡ-19 ਦੇ ਲੰਮੇ ਸਮੇਂ ਤੱਕ ਰਹਿਣ ਵਾਲੇ ਲੱਛਣ, ਦੇਖਣ ਨੂੰ ਮਿਲੇ ਹਨ, ਜਿਸ ਵਿੱਚ ਥਕਾਵਟ, ਸਾਹ ਲੈਣ ਵਿੱਚ ਮੁਸ਼ਕਲ, ਜੋੜਾਂ ਦਾ ਦਰਦ, ਅਤੇ ਇੱਥੋਂ ਤੱਕ ਕਿ

ਤਣਾਅ ਅਤੇ ਚਿੰਤਾ ਵੀ ਸ਼ਾਮਿਲ ਹਨ। ਕੋਵਿਡ-19 ਨੂੰ ਇਕ ਦੁਰਲੱਭ, ਸੰਭਾਵੀ ਰੂਪ ਵਿਚ ਗੰਭੀਰ ਬਿਮਾਰੀ ਜਿਸਨੂੰ ਬੱਚਿਆਂ ਵਿੱਚ ਮਲਟੀਸਿਸਟਮ ਇਨਫਲੇਮੇਟਰੀ ਸਿੰਡਰੋਮ (ਐਮ ਆਈ ਐਸ-ਸੀ) (multisystem inflammatory syndrome, MIS-C) ਵਜੋਂ ਜਾਣਿਆ ਜਾਂਦਾ ਹੈ, ਦੇ ਕੇਸਾਂ ਨਾਲ ਵੀ ਜੋੜਿਆ ਗਿਆ ਹੈ।

- **ਭਾਈਚਾਰੇ ਦੀ ਸੁਰੱਖਿਆ:** ਬੱਚਿਆਂ ਨੂੰ ਵੀ ਕੋਵਿਡ-19 ਹੁੰਦਾ ਹੈ, ਅਤੇ ਉਹ ਦੂਸਰਿਆਂ ਵਿੱਚ ਵਿਸ਼ਾਣੂੰ ਫੈਲਾਉਂਦੇ ਹਨ। ਇਹ ਇਕ ਦੂਜੇ ਤੋਂ ਬਹੁਤ ਤੇਜੀ ਨਾਲ ਫੈਲਣ ਵਾਲਾ ਵਿਸ਼ਾਣੂੰ ਹੈ, ਅਤੇ ਇਸ ਦੇ ਫੈਲਣ ਨੂੰ ਰੋਕਣ ਲਈ ਸਾਨੂੰ ਉੱਚ ਪੱਧਰ ਦੀ ਸਰੀਰ ਰੱਖਿਆ ਪ੍ਰਣਾਲੀ ਦੀ ਜ਼ਰੂਰਤ ਹੈ। ਸੈਕਰਾਮੈਂਟੋ ਵਿਚ ਲਗਭਗ 24% ਆਬਾਦੀ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਹੈ। ਆਪਣੇ ਪੂਰੇ ਭਾਈਚਾਰੇ ਨੂੰ ਬਚਾਉਣ ਲਈ ਬਿਮਾਰੀ ਪ੍ਰਤੀ ਬੱਚਿਆਂ ਦੀ ਸਰੀਰ ਰੱਖਿਆ ਪ੍ਰਣਾਲੀ ਵਿਕਸਤ ਕਰਨ ਦੀ ਲੋੜ ਹੈ। ਇਹ ਖਾਸ ਤੌਰ 'ਤੇ ਉੱਚ-ਜ਼ੋਖਮ ਵਾਲੇ ਲੋਕਾਂ ਦੀ ਸੁਰੱਖਿਆ ਲਈ ਜਿਆਦਾ ਜ਼ਰੂਰੀ ਹੈ। ਜੇ ਤੁਹਾਡੇ ਪਰਿਵਾਰ ਵਿਚ ਕਿਸੇ ਦੀ ਸਰੀਰ ਰੱਖਿਆ ਪ੍ਰਣਾਲੀ ਕਮਜ਼ੋਰ ਹੈ, ਤਾਂ ਤੁਹਾਨੂੰ ਪੱਕਾ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਆਲੇ ਦੁਆਲੇ ਦੇ ਹਰ ਵਿਅਕਤੀ ਦੀ ਬਿਮਾਰੀ ਪ੍ਰਤੀ ਸਰੀਰ ਰੱਖਿਆ ਪ੍ਰਣਾਲੀ ਵਿਕਸਤ ਹੋਵੇ।
- **ਕੋਵਿਡ-19 ਦੀਆਂ ਅਲੱਗ-ਅਲੱਗ ਕਿਸਮਾਂ ਨੂੰ ਰੋਕਣਾ:** ਕੋਵਿਡ-19 ਨੂੰ ਫੈਲਣ ਤੋਂ ਰੋਕਣਾ ਬਹੁਤ ਜ਼ਰੂਰੀ ਹੈ ਤਾਂ ਜੋ ਨਵੀਆਂ ਕਿਸਮਾਂ ਨੂੰ ਵਿਕਸਤ ਹੋਣ ਤੋਂ ਰੋਕਿਆ ਜਾ ਸਕੇ। ਇਕ ਵਿਅਕਤੀ ਤੋਂ ਦੂਜੇ ਵਿਅਕਤੀ ਵਿਚ ਵਿਸ਼ਾਣੂੰ ਜਿੰਨਾ ਜ਼ਿਆਦਾ ਫੈਲਦਾ ਹੈ, ਓਨੀ ਜ਼ਿਆਦਾ ਇਸਦੀ ਹੋਰ ਫੈਲਣ ਵਾਲੇ ਜਾਂ ਖ਼ਤਰਨਾਕ ਕਿਸਮ ਵਿਚ ਬਦਲ ਜਾਣ ਦੀ ਸੰਭਾਵਨਾ ਹੁੰਦੀ ਹੈ।
- **ਬੱਚਿਆਂ ਲਈ ਤੰਦਰੁਸਤੀ ਵਿੱਚ ਸੁਧਾਰ ਲਿਆਉਣਾ:** ਅੰਤ ਵਿੱਚ, ਬੱਚਿਆਂ ਨੂੰ ਟੀਕਾ ਲਗਵਾ ਕੇ ਅਤੇ ਬਿਮਾਰੀ ਫੈਲਣ ਨੂੰ ਘੱਟ ਕਰਕੇ, ਬੱਚਿਆਂ ਲਈ ਨਿਯਮਤ ਸਕੂਲ ਦੇ ਕਾਰਜਕ੍ਰਮ, ਖੇਡਾਂ, ਪਲੇਡੇਟਸ ਅਤੇ ਪਾਠਕ੍ਰਮ ਤੋਂ ਬਾਹਰੀ ਗਤੀਵਿਧੀਆਂ ਦੇ ਲਈ ਭਾਈਚਾਰੇ ਅੱਗੇ ਵੱਧ ਸਕਦੇ ਹਨ। ਇਹ ਉਨ੍ਹਾਂ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਬਹੁਤ ਜ਼ਰੂਰੀ ਹੈ ਜੋ ਪਿਛਲੇ ਸਾਲ ਤੋਂ ਉਨ੍ਹਾਂ ਮੌਕਿਆਂ ਨੂੰ ਖੁੰਝਦੇ ਆ ਰਹੇ ਹਨ।

## ਕੀ ਬੱਚਿਆਂ ਵਿੱਚ ਕੋਵਿਡ-19 ਟੀਕੇ ਦੇ ਗੌਣ ਪ੍ਰਭਾਵ ਹਨ?

- ਬਾਲਗਾਂ ਵਿੱਚ ਜੋ ਕੋਵਿਡ-19 ਟੀਕੇ ਦੇ ਗੌਣ ਪ੍ਰਭਾਵਾਂ ਦੀ ਰਿਪੋਰਟ ਮਿਲੀ ਹੈ, ਉਹ ਹੀ ਗੌਣ ਪ੍ਰਭਾਵ ਬੱਚਿਆਂ ਵਿੱਚ ਵੀ ਹੋ ਸਕਦੇ ਹਨ, ਇਨ੍ਹਾਂ ਵਿਚ ਸ਼ਾਮਿਲ ਹਨ:
  - ਠੰਡ ਲੱਗਣਾ
  - ਬੁਖ਼ਾਰ
  - ਸਿਰ ਦਰਦ
  - ਮਾਸਪੇਸ਼ੀ ਦਾ ਦਰਦ
  - ਉਲਟੀ ਆਉਣਾ
  - ਥਕਾਵਟ
  - ਟੀਕੇ ਵਾਲੀ ਥਾਂ ਦੇ ਨੇੜੇ ਬਾਂਹ ਵਿਚ ਦਰਦ
- ਇਹ ਗੌਣ ਪ੍ਰਭਾਵ ਦੂਜੀ ਖੁਰਾਕ ਤੋਂ ਬਾਅਦ ਜਿਆਦਾ ਆਮ ਹੋ ਸਕਦੇ ਹਨ ਅਤੇ ਇਹ ਇਸ ਗੱਲ ਦਾ ਸੰਕੇਤ ਹੈ ਕਿ ਤੁਹਾਡਾ ਸਰੀਰ ਆਪਣੇ ਆਪ ਨੂੰ ਸੁਰੱਖਿਅਤ ਕਰਨਾ ਸ਼ੁਰੂ ਕਰ ਰਿਹਾ ਹੈ। ਗੌਣ ਪ੍ਰਭਾਵ ਆਮ ਤੌਰ 'ਤੇ ਟੀਕਾਕਰਣ ਤੋਂ ਬਾਅਦ 1-2 ਦਿਨਾਂ ਦੇ ਅੰਦਰ ਚਲੇ ਜਾਂਦੇ ਹਨ।

## ਜੇ ਮੇਰੇ ਪਰਿਵਾਰ ਵਿਚ ਕਿਸੇ ਨੂੰ ਪਹਿਲਾਂ ਹੀ ਕੋਵਿਡ-19 ਸੀ, ਤਾਂ ਕੀ ਉਸ ਨੂੰ ਅਜੇ ਵੀ ਟੀਕਾ ਲਗਵਾਉਣਾ ਚਾਹੀਦਾ ਹੈ?

- **ਹਾਂ**,ਇਕ ਵਾਰ ਜਦੋਂ ਤੁਸੀਂ 10 ਦਿਨਾਂ ਦਾ ਇਕਾਂਤਵਾਸ ਦਾ ਸਮਾਂ ਖਤਮ ਕਰ ਲੈਂਦੇ ਹੋ ਤਾਂ ਤੁਸੀਂ ਟੀਕਾ ਲਗਵਾ ਸਕਦੇ ਹੋ।
- ਜੋ ਲੋਕ ਕੋਵਿਡ-19 ਤੋਂ ਠੀਕ ਹੋ ਗਏ ਹਨ, ਹਾਲਾਂਕਿ ਇਸ ਤਰ੍ਹਾਂ ਲੱਗਦਾ ਹੈ ਕਿ ਉਹਨਾਂ ਵਿਚ ਵਿਸ਼ਾਣੂੰ ਨਾਲ ਲੜਨ ਲਈ ਸਰੀਰ ਰੱਖਿਆ ਪ੍ਰਣਾਲੀ ਦੀ ਤਾਕਤ ਹੈ, ਪਰ ਫਿਰ ਵੀ ਅਸੀਂ ਨਹੀਂ ਜਾਣਦੇ ਹਾਂ ਕਿ ਉਹਨਾਂ ਦੀ ਸਰੀਰ ਰੱਖਿਆ ਪ੍ਰਣਾਲੀ ਦੀ ਤਾਕਤ ਕਿੰਨੀ ਸ਼ਕਤੀਸ਼ਾਲੀ ਹੈ-ਜਾਂ ਇਹ ਕਿੰਨੀ ਦੇਰ ਟਿਕੇਗੀ। ਟੀਕਾ ਲਗਭਗ ਹਰੇਕ ਵਿੱਚ ਐਂਟੀਬਾਡੀ ਪ੍ਰਤੀਕ੍ਰਿਆ ਪੈਦਾ ਕਰਦਾ ਹੈ।
- ਅੰਕੜੇ ਦਿਖਾਉਂਦੇ ਹਨ ਕਿ ਟੀਕਾ ਅਸਲ ਵਿੱਚ ਸਰੀਰ ਰੱਖਿਆ ਪ੍ਰਣਾਲੀ ਦੀ ਤਾਕਤ ਵਧਾਉਣ ਵਿਚ ਕੁਦਰਤੀ ਤਰੀਕਿਆਂ ਨਾਲੋਂ ਵੀ ਵਧੀਆ ਕੰਮ ਕਰ ਰਿਹਾ ਹੈ।
- ਅਸੀਂ ਜਾਣਦੇ ਹਾਂ ਕਿ ਟੀਕੇ ਤੁਹਾਨੂੰ ਕੋਵਿਡ-19 ਬਿਮਾਰੀ ਤੋਂ ਸੁਰੱਖਿਅਤ ਰੱਖਣ ਵਿਚ 95% ਅਸਰਦਾਰ ਹਨ।